# ਆਕਾਸ਼ਵਾਣੀ ਜਲੰਧਰ

# ਪ੍ਰਦੇਸ਼ਿਕ ਖਬਰਾਂ ਪੰਜਾਬੀ

**18:20 Pm**

**ਮਿਤੀ: 01-02-2025**

- ਕੇਂਦਰੀ ਵਿੱਤ ਮੰਤਰੀ ਨਿਰਮਲਾ ਸੀਤਾਰਮਨ ਨੇ ਇਸ ਸਰਕਾਰ ਤੀਜੇ ਕਾਰਜਕਾਲ ਦਾ ਪਹਿਲਾ ਆਮ ਬਜਟ ਪੇਸ਼ ਕੀਤਾ-ਬਜਟ ਵਿਚ ਵਿਕਾਸ ਨੂੰ ਤੇਜ਼ ਕਰਨ, ਸਮਾਵੇਸ਼ੀ ਵਿਕਾਸ ਨੂੰ ਯਕੀਨੀ ਬਣਾਉਣ, ਨਿੱਜੀ ਖੇਤਰ ਦੇ ਨਿਵੇਸ਼ 'ਚ ਵਾਧਾ ਕਰਨ ਅਤੇ ਮੱਧ ਵਰਗ ਦੀ ਖਰਚ ਸਮਰੱਥਾ ਨੂੰ ਵਧਾਉਣ 'ਤੇ ਜ਼ੋਰ ਦਿੱਤਾ ਗਿਆ ਏ।
- ਕੇਂਦਰੀ ਬਜਟ 2025-26 ਦੀਆਂ ਤਜਵੀਜ਼ਾਂ ਵਿੱਚ 12 ਲੱਖ ਰੁਪਏ ਤੱਕ ਦੀ ਨਿੱਜੀ ਆਮਦਨ 'ਤੇ ਕੋਈ ਟੈਕਸ ਨਹੀਂ- ਸੀਨੀਅਰ ਨਾਗਰੀਕਾਂ ਲਈ ਟੈਕਸ ਕਟੌਤੀ ਦੀ ਹੱਦ, 50 ਹਜ਼ਾਰ ਰੁਪਏ ਤੋਂ ਦੁੱਗਣੀ ਕਰਕੇ ਇਕ ਲੱਖ ਰੁਪਏ ਕੀਤੀ ਗਈ।
- ਕੈਂਸਰ ਅਤੇ ਹੋਰਨਾਂ ਗੰਭੀਰ ਬਿਮਾਰੀਆਂ ਤੋਂ ਪੀੜਤ ਮਰੀਜ਼ਾਂ ਨੂੰ ਰਾਹਤ ਦੇਣ ਲਈ, 36 ਜੀਵਨ ਰੱਖਿਅਕ ਦਵਾਈਆਂ ਨੂੰ, ਮੁੱਢਲੀ ਕਸਟਮ ਡਿਊਟੀ ਤੋਂ ਪੂਰੀ ਤਰ੍ਹਾਂ ਛੋਟ ਦੇਣ ਦੀ ਤਜਵੀਜ਼ ਕੀਤੀ ਗਈ ਐ।

- ਖੇਤੀਬਾੜੀ ਉਤਪਾਦਕਤਾ ਵਧਾਉਣ ਤੇ ਫਸਲੀ ਵਿਭਿੰਨਤਾ ਲਿਆਉਣ ਲਈ, ਚੁਣੇ ਗਏ 100 ਜ਼ਿਲ੍ਹਿਆਂ ਵਿੱਚ ਪ੍ਰਧਾਨ ਮੰਤਰੀ ਧਨ-ਧਾਨਯ ਕ੍ਰਿਸ਼ੀ ਯੋਜਨਾ ਦੀ ਸ਼ੁਰੂਆਤ ਕੀਤੀ ਜਾਵੇਗੀ।
- ਅਨੁਸੂਚਿਤ ਜਾਤੀਆਂ ਅਤੇ ਅਨੁਸੂਚਿਤ ਕਬੀਲਿਆਂ ਨਾਲ ਸਬੰਧਤ ਮਹਿਲਾ ਉੱਦਮੀਆਂ ਲਈ ਅਗਲੇ ਪੰਜ ਸਾਲਾਂ ਵਿੱਚ, ਦੋ ਕਰੋੜ ਰੁਪਏ ਰੁਪਏ ਤੱਕ ਦੇ ਮਿਆਦੀ ਕਰਜ਼ੇ ਵਾਲੀਆਂ ਨਵੀਆਂ ਯੋਜਨਾਵਾਂ ਸ਼ੁਰੂ ਕੀਤੀਆਂ ਜਾਣਗੀਆਂ ।

--------------------------------------------------------------------------------

ਵਿੱਤ ਮੰਤਰੀ ਨਿਰਮਲਾ ਸੀਤਾਰਮਨ ਨੇ ਅੱਜ ਸੰਸਦ ਵਿੱਚ ਆਮ ਬਜਟ 2025-26 ਪੇਸ਼ ਕੀਤਾ। NDA ਸਰਕਾਰ ਦੇ ਤੀਜੇ ਕਾਰਜਕਾਲ ਦਾ ਇਹ ਪਹਿਲਾ ਬਜਟ ਏ । ਵਿੱਤ ਮੰਤਰੀ ਨੇ ਕਿਹਾ ਕਿ ਭਾਰਤ ਦੀ ਅਰਥ-ਵਿਵਸਥਾ ਵਿਸ਼ਵ ਦੀਆਂ ਹੋਰ ਸਾਰੀਆਂ ਵਧ ਰਹੀਆਂ ਅਰਥ-ਵਿਵਸਥਾਵਾਂ ਵਿੱਚ ਸਭ ਤੋਂ ਤੇਜ਼ੀ ਨਾਲ ਵੱਧ ਰਹੀ ਏ । ਉਨ੍ਹਾਂ ਕਿਹਾ ਕਿ ਤਜਵੀਜ਼ਸ਼ੁਦਾ ਬਜਟ 10 ਪ੍ਰਮੁੱਖ ਖੇਤਰਾਂ 'ਤੇ ਕੇਂਦ੍ਰਿਤ ਏ ਅਤੇ ਇਸ ਦਾ ਉਦੇਸ਼, ਹਰੇਕ ਨੂੰ ਸਮਾਵੇਸ਼ੀ ਵਿਕਾਸ ਦੇ ਰਾਹ' ਤੇ ਲਿਜਾਣਾ ਏ । ਐੱਨ.ਡੀ.ਏ ਸਰਕਾਰ ਦਾ ਲਗਾਤਾਰ 8ਵਾਂ ਬਜਟ ਪੇਸ਼ ਕਰਦਿਆਂ

ਸ਼੍ਰੀਮਤੀ ਸੀਤਾਰਮਨ ਨੇ ਕਿਹਾ ਕਿ ਇਹ ਬਜਟ, ਵਿਕਸਿਤ ਭਾਰਤ ਦੀਆਂ ਇੱਛਾਵਾਂ ਤੋਂ ਪ੍ਰੇਰਿਤ ਏ ਅਤੇ ਵਿਕਾਸ ਨੂੰ ਤੇਜ਼ ਕਰਨ ਲਈ ਸਮਰਪਿਤ ਏ। ਉਨ੍ਹਾਂ ਕਿਹਾ ਕਿ ਸਰਕਾਰ ਦਾ ਟੀਚਾ, ਅਗਲੇ ਪੰਜ ਸਾਲਾਂ ਵਿੱਚ ਰੋਜ਼ਗਾਰ ਅਧਾਰਤ ਵਿਕਾਸ ਨੂੰ ਸਮਰੱਥ ਬਣਾਉਣਾ ਏ । ਵਿੱਤ ਮੰਤਰੀ ਨੇ ਕਿਹਾ ਕਿ ਮੱਧ ਵਰਗ, ਭਾਰਤ ਦੇ ਵਿਕਾਸ ਨੂੰ ਤਾਕਤ ਪ੍ਰਦਾਨ ਕਰਦਾ ਏ । ਵਿਤ ਮੰਤਰੀ ਨੇ ਕਿਹਾ ਕਿ ਨਵੀਂ ਵਿਵਸਥਾ ਤਹਿਤ, 12 ਲੱਖ ਰੁਪਏ ਤੱਕ ਦੀ ਆਮਦਨ 'ਤੇ ਕੋਈ ਟੈਕਸ ਨਹੀਂ ਲੱਗੇਗਾ । BYTE: ਵਿੱਤ ਮੰਤਰੀ ਨੇ ਸਰੋਤ 'ਤੇ ਟੈਕਸ ਕਟੌਤੀ TDS ਨੂੰ ਤਰਕਸੰਗਤ ਬਣਾਉਣ ਦਾ ਪ੍ਰਸਤਾਵ ਦਿੱਤਾ ਏ । ਸੀਨੀਅਰ ਸਿਟੀਜ਼ਨਜ਼ ਲਈ ਵਿਆਜ 'ਤੇ ਕਟੌਤੀ ਦੀ ਹੱਦ 50 ਹਜ਼ਾਰ ਤੋਂ ਵਧਾ ਕੇ ਇਕ  ਲੱਖ ਕੀਤੀ ਜਾ ਰਹੀ ਏ । ਇਸੇ ਤਰ੍ਹਾਂ ਕਿਰਾਏ 'ਤੇ ਟੀ.ਡੀ.ਐੱਸ ਦੀ ਸਾਲਾਨਾ ਹੱਦ  ਦੋ ਲੱਖ ਚਾਲੀ ਹਜ਼ਾਰ ਤੋਂ ਵਧਾ ਕੇ 6 ਲੱਖ ਕਰ ਦਿੱਤੀ ਗਈ ਏ । ਇਹ ਟੀ.ਡੀ.ਐੱਸ ਦੇਣਦਾਰੀ ਲੈਣ-ਦੇਣ ਦੀ ਗਿਣਤੀ ਨੂੰ ਘਟਾਏਗਾ ਅਤੇ ਘੱਟ ਭੁਗਤਾਨ ਵਾਲੇ ਛੋਟੇ ਟੈਕਸਦਾਤਾਵਾਂ ਨੂੰ ਲਾਭ ਪਹੁੰਚਾਏਗਾ । ਟੈਕਸ ਸੁਧਾਰਾਂ ਨੂੰ ਅੱਗੇ ਵਧਾਉਂਦੇ ਹੋਏ ਵਿੱਤ ਮੰਤਰੀ ਨੇ ਐਲਾਨ ਕੀਤਾ ਕਿ

ਸਰਕਾਰ, ਇੱਕ ਨਵਾਂ ਆਮਦਨ ਕਰ ਬਿੱਲ ਪੇਸ਼ ਕਰੇਗੀ । ਵਸਤਾਂ ਦੀ ਵਿਕਰੀ ਨਾਲ ਜੁੜੇ ਲੈਣ-ਦੇਣ 'ਤੇ TDS ਅਤੇ TCS. ਦੋਵੇਂ ਲਾਗੂ ਕੀਤੇ ਜਾ ਰਹੇ ਹਨ। ਬਜਟ ਵਿੱਚ ਅਜਿਹੀਆਂ ਪਾਲਣਾ ਸਬੰਧੀ ਮੁਸ਼ਕਿਲਾਂ ਤੋਂ ਬਚਣ ਲਈ TCS ਨੂੰ ਖ਼ਤਮ ਕਰਨ ਦੀ ਤਜਵੀਜ਼ ਏ । ਸਵੈਇੱਛੁਕ ਪਾਲਣਾ ਨੂੰ ਉਤਸ਼ਾਹਿਤ ਕਰਨ ਲਈ, ਹੁਣ ਕਿਸੇ ਵੀ ਟੈਕਸ ਮੁਲਾਂਕਣ ਸਾਲ ਲਈ ਅੱਪਡੇਟ ਰਿਟਰਨ ਭਰਨ ਦੀ ਸਮਾਂ ਹੱਦ ਨੂੰ ਮੌਜੂਦਾ ਦੋ ਸਾਲਾਂ ਤੋਂ ਵਧਾ ਕੇ ਚਾਰ ਸਾਲ ਕਰਨ ਦਾ ਪ੍ਰਸਤਾਵ ਕੀਤਾ ਗਿਆ ਏ । ਬਜਟ ਵਿੱਚ ਪੀ.ਐੱਮ. ਸੈਵ ਨਿਧੀ ਯੋਜਨਾ ਨੂੰ ਨਵਾਂ ਰੂਪ ਦੇਣ ਦੀ ਤਜਵੀਜ਼ ਕੀਤੀ ਗਈ ਏ । ਵਿੱਤ ਮੰਤਰੀ ਨੇ ਕਿਹਾ ਕਿ ਇਸ ਯੋਜਨਾ ਨੇ ਉੱਚ ਵਿਆਜ ਦਰ ਵਾਲੇ ਗੈਰ ਰਸਮੀ ਖੇਤਰ ਦੇ ਕਰਜ਼ਿਆਂ ਤੋਂ ਰਾਹਤ ਪ੍ਰਦਾਨ ਕਰਕੇ 68 ਲੱਖ ਰੇਹੜੀ ਫੜੀ ਵਾਲਿਆਂ ਨੂੰ ਲਾਭ ਪਹੁੰਚਾਇਆ ਏ । ਵਿੱਤ ਮੰਤਰੀ ਨੇ ਅਸਿੱਧੇ ਟੈਕਸਾਂ ਵਿੱਚ ਉਦਯੋਗਿਕ ਵਸਤਾਂ ਲਈ ਕਸਟਮ ਟੈਰਿਫ ਢਾਂਚੇ ਨੂੰ ਤਰਕਸੰਗਤ ਬਣਾਉਣ ਲਈ ਕਦਮ ਚੁੱਕੇ ਨੇ । ਇਨ੍ਹਾਂ ਦੇ ਤਹਿਤ ਸੱਤ ਟੈਰਿਫ ਦਰਾਂ ਨੂੰ ਹਟਾਉਣ ਦੀ ਤਜਵੀਜ਼ ਕੀਤੀ ਗਈ ਏ । ਇਹ ਤਜਵੀਜ਼ 2023-24 ਦੇ ਬਜਟ ਵਿੱਚ ਹਟਾਈਆਂ ਗਈਆਂ

ਸੱਤ ਟੈਰਿਫ ਦਰਾਂ ਤੋਂ ਇਲਾਵਾ ਹਨ। ਬਜਟ ਵਿੱਚ ਦਵਾਈਆਂ ਦੀ ਦਰਾਮਦ ਉੱਤੇ ਰਾਹਤ ਦੇਣ ਦੀ ਤਜਵੀਜ਼ ਏ । ਕੈਂਸਰ ਅਤੇ ਹੋਰਨਾਂ ਗੰਭੀਰ ਬਿਮਾਰੀਆਂ ਤੋਂ ਪੀੜਤ ਮਰੀਜ਼ਾਂ ਨੂੰ ਰਾਹਤ ਦੇਣ ਲਈ 36 ਜੀਵਨ ਰੱਖਿਅਕ ਜੜੀ ਬੂਟੀਆਂ ਤੇ ਦਵਾਈਆਂ ਨੂੰ ਮੁੱਢਲੀ ਕਸਟਮ ਡਿਊਟੀ ਤੋਂ ਪੂਰੀ ਤਰ੍ਹਾਂ ਛੋਟ ਪ੍ਰਾਪਤ ਦਵਾਈਆਂ ਦੀ ਸੂਚੀ ਵਿੱਚ ਸ਼ਾਮਲ ਕਰਨ ਦਾ ਤਜਵੀਜ਼ ਕੀਤੀ ਗਈ ਐ । ਉਨ੍ਹਾਂ ਐਲਾਨ ਕੀਤਾ ਕਿ ਅਗਲੇ ਤਿੰਨ ਸਾਲਾਂ ਵਿੱਚ, ਸਾਰੇ ਜ਼ਿਲ੍ਹਿਆਂ ਵਿੱਚ ਕੈਂਸਰ ਦੇ ਇਲਾਜ ਲਈ ਕੈਂਸਰ ਸੈਂਟਰ ਅਤੇ ਡੇਅ ਕੇਅਰ ਸੈਂਟਰ ਸਥਾਪਤ ਕੀਤੇ ਜਾਣਗੇ । ਵਿੱਤ ਮੰਤਰੀ ਨੇ ਪ੍ਰਧਾਨ ਮੰਤਰੀ ਧਨ-ਧਾਨਯ ਕ੍ਰਿਸ਼ੀ ਯੋਜਨਾ ਅਤੇ ਵਿਕਾਸਸ਼ੀਲ ਖੇਤੀਬਾੜੀ ਜ਼ਿਲ੍ਹਾ ਪ੍ਰੋਗਰਾਮ ਦਾ ਐਲਾਨ ਕੀਤਾ। ਵਿੱਤ ਮੰਤਰੀ ਨੇ ਕਿਹਾ ਕਿ ਸਰਕਾਰ ਖਾਣ ਵਾਲੇ ਤੇਲਾਂ ਵਿੱਚ ਆਤਮ-ਨਿਰਭਰਤਾ ਪ੍ਰਾਪਤ ਕਰਨ ਲਈ ਰਾਸ਼ਟਰੀ ਖੁਰਾਕ ਤੇਲ ਬੀਜ ਮਿਸ਼ਨ ਨੂੰ ਲਾਗੂ ਕਰ ਰਹੀ ਏ । ਵਿੱਤ ਮੰਤਰੀ ਨੇ ਕਿਹਾ ਕਿ ਸਰਕਾਰ ਛੇ ਸਾਲਾ "ਦਾਲਾਂ ਚ ਸਵੈ-ਨਿਰਭਰਤਾ ਮਿਸ਼ਨ" ਦੀ ਸ਼ੁਰੂਆਤ ਕਰੇਗੀ । ਵਿੱਤ ਮੰਤਰੀ ਨੇ ਐਲਾਨ ਕੀਤਾ ਕਿ ਸੂਖਮ ਉੱਦਮਾਂ ਲਈ ਕ੍ਰੈਡਿਟ ਗਰੰਟੀ ਕਵਰ ਨੂੰ 5 ਕਰੋੜ ਰੁਪਏ

ਤੋਂ ਵਧਾ ਕੇ 10 ਕਰੋੜ ਰੁਪਏ ਕਰ ਦਿੱਤਾ ਜਾਵੇਗਾ। ਇਸ ਨਾਲ ਅਗਲੇ ਪੰਜ ਸਾਲਾਂ ਵਿੱਚ ਡੇਢ ਲੱਖ ਕਰੋੜ ਰੁਪਏ ਦਾ ਵਾਧੂ ਕ੍ਰੈਡਿਟ ਮਿਲੇਗਾ। ਉਨ੍ਹਾਂ ਨੇ ਕਿਹਾ ਕਿ M.S.M.E ਨੂੰ ਮਿਆਦੀ ਕਰਜ਼ਾ ਵਧਾ ਕੇ 20 ਕਰੋੜ ਰੁਪਏ ਕੀਤਾ ਜਾਵੇਗਾ। ਇਹ ਯੋਜਨਾ, ਬੈਂਕਾਂ ਤੋਂ ਵਧੇ ਹੋਏ ਕ੍ਰੈਡਿਟ, 30 ਹਜ਼ਾਰ ਰੁਪਏ ਦੀ ਹੱਦ ਦੇ ਨਾਲ ਯੂ. ਪੀ. ਆਈ. ਸਮਰੱਥ ਕ੍ਰੈਡਿਟ ਕਾਰਡਾਂ ਅਤੇ ਸਮਰੱਥਾ ਵਿਕਾਸ ਸਹਾਇਤਾ ਦੇ ਨਾਲ ਜਾਰੀ ਰਹੇਗੀ। ਪੂੰਜੀਗਤ ਖਰਚਿਆਂ ਅਤੇ ਸੁਧਾਰਾਂ ਨੂੰ ਉਤਸ਼ਾਹਿਤ ਕਰਨ ਲਈ, ਸੂਬਿਆਂ ਨੂੰ 50 ਸਾਲਾਂ ਦੀ ਮਿਆਦ ਲਈ ਵਿਆਜ ਮੁਕਤ ਕਰਜ਼ੇ ਵਾਸਤੇ ਡੇਢ ਲੱਖ ਕਰੋੜ ਰੁਪਏ ਦਾ ਬਜਟ ਰੱਖਿਆ ਗਿਆ ਏ। ਵਿੱਤ ਮੰਤਰੀ ਨੇ ਐਲਾਨ ਕੀਤਾ ਕਿ ਅਨੁਸੂਚਿਤ ਜਾਤੀਆਂ ਅਤੇ ਅਨੁਸੂਚਿਤ ਕਬੀਲਿਆਂ ਨਾਲ ਸਬੰਧਤ ਮਹਿਲਾ ਉੱਦਮੀਆਂ ਲਈ ਅਗਲੇ ਪੰਜ ਸਾਲਾਂ ਵਿੱਚ ਦੋ ਕਰੋੜ ਰੁਪਏ ਰੁਪਏ ਤੱਕ ਦੇ ਮਿਆਦੀ ਕਰਜ਼ੇ ਵਾਲੀਆਂ ਨਵੀਆਂ ਯੋਜਨਾਵਾਂ ਸ਼ੁਰੂ ਕੀਤੀਆਂ ਜਾਣਗੀਆਂ। ਉਨ੍ਹਾਂ ਕਿਹਾ ਕਿ ਫੁਟਵੀਅਰ ਅਤੇ ਚਮੜਾ ਖੇਤਰ ਲਈ ਕੇਂਦ੍ਰਿਤ ਯੋਜਨਾਵਾਂ ਲਾਗੂ ਕੀਤੀਆਂ ਜਾਣਗੀਆਂ। ਜਲ ਜੀਵਨ ਮਿਸ਼ਨ ਨੂੰ 2028 ਤੱਕ ਵਧਾਇਆ ਗਿਆ ਏ, ਇਸ ਦੇ

ਤਹਿਤ  ਸਾਲ 2019 ਤੋਂ 15 ਕਰੋੜ ਤੋਂ ਵੱਧ ਘਰਾਂ ਨੂੰ ਟੂਟੀ ਦੇ ਪਾਣੀ ਦੀ ਸਪਲਾਈ ਪ੍ਰਦਾਨ ਕੀਤੀ ਗਈ ਏ , ਜੋ ਕਿ ਪੇਂਡੂ ਆਬਾਦੀ ਦਾ 80 ਫੀਸਦੀ ਏ  । ਉਨ੍ਹਾਂ ਕਿਹਾ ਕਿ ਬਜਟ ਦਾ ਉਦੇਸ਼ ਟੈਕਸ, ਬਿਜਲੀ ਖੇਤਰ, ਸ਼ਹਿਰੀ ਵਿਕਾਸ, ਖਣਨ, ਵਿੱਤੀ ਖੇਤਰ ਅਤੇ ਨਿਆਮਕ  ਸੁਧਾਰਾਂ ਸਮੇਤ ਛੇ ਖੇਤਰਾਂ ਵਿੱਚ ਪਰਿਵਰਤਨਕਾਰੀ ਸੁਧਾਰਾਂ ਦੀ ਸ਼ੁਰੂਆਤ ਕਰਨਾ ਏ । ਉਨ੍ਹਾਂ ਕਿਹਾ ਕਿ ਵਿਕਾਸ ਦੀ ਯਾਤਰਾ ਲਈ ਖੇਤੀਬਾੜੀ , ਸੂਖਮ ਲਘੂ ਤੇ ਦਰਮਿਆਨੇ ਉਦਯੋਗਾਂ , ਨਿਵੇਸ਼ ਅਤੇ ਬਰਾਮਦ ਵਰਗੇ ਚਾਰ ਪਾਵਰ ਇੰਜਣ ਨੇ ।  ਵਿੱਤ ਮੰਤਰੀ ਨੇ ਕਪਾਹ ਉਤਪਾਦਕਤਾ ਲਈ ਇੱਕ ਮਿਸ਼ਨ ਦਾ ਵੀ ਐਲਾਨ ਕੀਤਾ। ਉਨ੍ਹਾਂ ਕਿਹਾ ਕਿ ਸਰਕਾਰ ਨੇ ਪੂਰਬੀ ਖੇਤਰ ਵਿੱਚ ਬੰਦ ਹੋ ਚੁੱਕੇ ਤਿੰਨ ਯੂਰੀਆ ਪਲਾਂਟਾਂ ਨੂੰ ਮੁੜ ਸ਼ੁਰੂ ਕੀਤਾ ਏ । ਉਨ੍ਹਾਂ ਐਲਾਨ ਕੀਤਾ ਕਿ ਮਖਾਨੇ ਦੇ ਉਤਪਾਦਨ ਅਤੇ ਮਾਰਕੀਟਿੰਗ ਵਿੱਚ ਸੁਧਾਰ ਲਈ ਮਖਾਨੇ ਬੋਰਡ ਦੀ ਸਥਾਪਨਾ ਕੀਤੀ ਜਾਵੇਗੀ ਅਤੇ ਉੱਚ ਝਾੜ ਦੇਣ ਵਾਲੇ ਬੀਜਾਂ ਬਾਰੇ ਇੱਕ ਰਾਸ਼ਟਰੀ ਮਿਸ਼ਨ ਵੀ ਸ਼ੁਰੂ ਕੀਤਾ ਜਾਵੇਗਾ ।ਉਨ੍ਹਾਂ ਕਿਹਾ ਕਿ ਭਾਰਤੀ ਡਾਕ ਨੂੰ ਇੱਕ ਵਿਸ਼ਾਲ ਨੈੱਟਵਰਕ ਦੇ ਨਾਲ ਗ੍ਰਾਮੀਣ ਅਰਥ-ਵਿਵਸਥਾ ਦੇ ਉਤਪ੍ਰੇਰਕ ਦੇ ਰੂਪ ਵਿੱਚ ਮੁੜ

ਸਥਾਪਿਤ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਭਾਰਤ ਨੂੰ ਖਿਡੌਣਾ ਨਿਰਮਾਣ ਦਾ ਆਲਮੀ ਕੇਂਦਰ  ਬਣਾਉਣ ਲਈ ਇੱਕ ਯੋਜਨਾ ਲਾਗੂ ਕੀਤੀ ਜਾਵੇਗੀ । ਸ਼੍ਰੀਮਤੀ ਸੀਤਾਰਮਨ ਨੇ ਕਿਹਾ ਕਿ ਸਕੂਲਾਂ ਵਿੱਚ 50 ਹਜ਼ਾਰ ਅਟਲ ਟਿੰਕਰਿੰਗ ਲੈਬਾਂ ਸਥਾਪਤ ਕੀਤੀਆਂ ਜਾਣਗੀਆਂ ਅਤੇ 'ਮੇਕ ਇਨ ਇੰਡੀਆ' ਦੇ ਤਹਿਤ ਦੇਸ਼ ਵਿੱਚ ਹੁਨਰ ਵਿਕਾਸ ਲਈ ਪੰਜ ਰਾਸ਼ਟਰੀ ਕੇਂਦਰ ਸਥਾਪਤ ਕੀਤੇ ਜਾਣਗੇ । ਉਨ੍ਹਾਂ ਕਿਹਾ ਕਿ ਸਾਰੇ ਸਰਕਾਰੀ ਸੈਕੰਡਰੀ ਸਕੂਲਾਂ ਅਤੇ ਮੁਢਲੇ  ਸਿਹਤ ਕੇਂਦਰਾਂ ਨੂੰ ਬ੍ਰਾਡਬੈਂਡ ਕਨੈਕਟੀਵਿਟੀ ਮੁਹੱਈਆ ਕਰਵਾਈ ਜਾਵੇਗੀ । ਵਿੱਤ ਮੰਤਰੀ ਨੇ ਐਲਾਨ ਕੀਤਾ ਕਿ ਆਰਟੀਫਿਸ਼ਲ ਇੰਟੈੱਲੀਜੈਂਸ  ਏ.ਆਈ. ਸਿੱਖਿਆ ਲਈ ਇੱਕ ਉੱਤਮਤਾ ਕੇਂਦਰ ਸਥਾਪਤ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਮੈਡੀਕਲ ਕਾਲਜਾਂ ਅਤੇ ਮੈਡੀਕਲ ਟੂਰਿਜ਼ਮ ਵਿੱਚ 10,000 ਵਾਧੂ ਸੀਟਾਂ ਜੋੜੀਆਂ ਜਾਣਗੀਆਂ ਅਤੇ ਨਿਜੀ ਖੇਤਰ ਦੀ ਭਾਈਵਾਲੀ ਨਾਲ 'ਹੀਲ ਇਨ ਇੰਡੀਆ "ਨੀਤੀ ਨੂੰ ਉਤਸ਼ਾਹਿਤ ਕੀਤਾ ਜਾਵੇਗਾ। ਵਿੱਤ ਮੰਤਰੀ ਨੇ ਕਿਹਾ ਕਿ ਤਕਨੀਕੀ ਖੋਜ ਲਈ 10 ਹਜ਼ਾਰ ਪੀ.ਐੱਮ. ਰਿਸਰਚ ਫੈਲੋਸ਼ਿਪ ਵੀ ਪ੍ਰਦਾਨ ਕੀਤੀਆਂ ਜਾਣਗੀਆਂ । ਉਨ੍ਹਾਂ ਕਿਹਾ ਕਿ ਸਰਕਾਰ ਇੱਕ ਕਰੋੜ

ਗਿੱਗ ਵਰਕਰਾਂ ਦੀ ਮਦਦ ਲਈ I.D. ਕਾਰਡ ਦਾ ਪ੍ਰਬੰਧ ਕਰੇਗੀ । 20 ਹਜ਼ਾਰ ਕਰੋੜ ਰੁਪਏ ਦੀ ਲਾਗਤ ਨਾਲ ਛੋਟੇ ਮਾਡਯੂਲਰ ਪ੍ਰਮਾਣੂ ਰਿਐਕਟਰ ਸਥਾਪਤ ਕੀਤੇ ਜਾਣਗੇ। ਸੋਧੀ ਹੋਈ ਉਡਾਨ ਯੋਜਨਾ ਦੇਸ਼ ਵਿੱਚ 120 ਨਵੀਆਂ ਥਾਵਾਂ ਨੂੰ ਜੋੜਨ ਲਈ ਸ਼ੁਰੂ ਕੀਤੀ ਜਾਵੇਗੀ । ਵਿੱਤ ਮੰਤਰੀ ਨੇ ਬਿਜਲੀ ਵਾਹਨਾਂ ਲਈ ਬੈਟਰੀਆਂ ਦੇ ਨਿਰਮਾਣ ਲਈ 35 ਵਾਧੂ ਪੂੰਜੀ ਵਸਤਾਂ ਅਤੇ ਮੋਬਾਈਲ ਫੋਨ ਬੈਟਰੀਆਂ ਦੇ ਨਿਰਮਾਣ ਲਈ 28 ਵਾਧੂ ਪੂੰਜੀ ਵਸਤਾਂ ਨੂੰ ਛੋਟ ਪ੍ਰਾਪਤ ਪੂੰਜੀ ਵਸਤਾਂ ਦੀ ਸੂਚੀ ਵਿੱਚ ਸ਼ਾਮਲ ਕਰਨ ਦੀ ਤਜਵੀਜ਼ ਕੀਤੀ ਗਈ ਐ । ਸਾਲ 2047 ਤੱਕ ਘੱਟੋ-ਘੱਟ 100 ਗੀਗਾ ਵਾਟਸ ਪ੍ਰਮਾਣੂ ਊਰਜਾ ਵਿਕਸਿਤ ਕਰਨ ਦੇ ਟੀਚੇ ਨੂੰ ਪ੍ਰਾਪਤ ਕਰਨ ਲਈ, ਨਿਜੀ ਖੇਤਰ ਨਾਲ ਇੱਕ ਸਰਗਰਮ ਭਾਈਵਾਲੀ ਕੀਤੀ ਜਾਵੇਗੀ । ਬੀਮਾ ਖੇਤਰ ਵਿੱਚ ਸਿੱਧੇ ਵਿਦੇਸ਼ੀ ਨਿਵੇਸ਼ ਨੂੰ 74 ਫੀਸਦੀ ਤੋਂ ਵਧਾ ਕੇ 100 ਫੀਸਦੀ ਕੀਤਾ ਜਾਵੇਗਾ । ਇਹ ਵਧੀ ਹੋਈ ਹੱਦ ਉਨ੍ਹਾਂ ਕੰਪਨੀਆਂ ਲਈ ਉਪਲਬਧ ਹੋਵੇਗੀ, ਜੋ ਭਾਰਤ ਵਿੱਚ ਪੂਰਾ ਪ੍ਰੀਮੀਅਮ ਨਿਵੇਸ਼ ਕਰਦੀਆਂ ਨੇ । ਭਾਰਤੀ ਡਾਕ ਅਦਾਇਗੀ ਬੈਂਕ ਦੀ ਹੱਦ, ਪੇਂਡੂ ਖੇਤਰਾਂ ਤੱਕ ਵਧਾਈ ਜਾਵੇਗੀ ਅਤੇ ਇਨਾ ਦਾ ਵਿਸਥਾਰ ਕੀਤਾ

ਜਾਵੇਗਾ । ਪੈਨਸ਼ਨ ਯੋਜਨਾਵਾਂ ਦੇ ਨਿਯਮਤ ਤਾਲਮੇਲ ਅਤੇ ਵਿਕਾਸ ਲਈ ਇੱਕ ਫੋਰਮ ਸਥਾਪਤ ਕੀਤਾ ਜਾਵੇਗਾ। ਬਜਟ ਤਜਵੀਜ਼ਾਂ ਅਨੁਸਾਰ ਸਾਲ 2025-26 ਵਿੱਚ ਕਰਜ਼ਿਆਂ ਤੋਂ ਇਲਾਵਾ ਕੁੱਲ ਪ੍ਰਾਪਤੀਆਂ 34 ਲੱਖ 96 ਹਜ਼ਾਰ ਕਰੋੜ ਰੁਪਏ ਅਤੇ ਕੁੱਲ ਖਰਚ 50 ਲੱਖ 65 ਹਜ਼ਾਰ ਕਰੋੜ ਰੁਪਏ ਹੋਣ ਦਾ ਅਨੁਮਾਨ ਏ । ਕੁੱਲ ਟੈਕਸ ਪ੍ਰਾਪਤੀਆਂ 28 ਲੱਖ 37 ਹਜ਼ਾਰ ਕਰੋੜ ਰੁਪਏ ਹੋਣ ਦਾ ਅਨੁਮਾਨ ਲਾਇਆ ਗਿਆ ਏ । ਵਿੱਤੀ ਘਾਟਾ, ਜੀ.ਡੀ.ਪੀ ਦਾ 4.4 ਫੀਸਦੀ ਰਹਿਣ ਦਾ ਸੰਭਾਵਨਾ ਏ ।

---------------------------------------------------------------------------------

ਪ੍ਰਧਾਨ ਮੰਤਰੀ ਨਰੇਂਦਰ  ਮੋਦੀ ਨੇ ਕਿਹਾ ਕਿ ਕੇਂਦਰੀ ਬਜਟ 2025-26 ,140 ਕਰੋੜ  ਭਾਰਤੀਆਂ ਦੀਆਂ ਇੱਛਾਵਾਂ ਨੂੰ ਪੂਰਾ ਕਰਨ ਲਈ ਸਰਕਾਰ ਦੀ ਵਚਨਬੱਧਤਾ ਨੂੰ ਦਰਸਾਉਂਦਾ ਏ। ਸੰਸਦ ਵਿੱਚ ਬਜਟ ਪੇਸ਼ ਕਰਨ ਤੋਂ ਬਾਅਦ ਆਪਣੇ ਸੰਦੇਸ਼ ਵਿੱਚ ਪ੍ਰਧਾਨ ਮੰਤਰੀ ਨੇ ਕਿਹਾ ਕਿ ਬਜਟ, ਭਾਰਤ ਦੀ ਵਿਕਾਸ ਯਾਤਰਾ ਵਿੱਚ ਇੱਕ ਮਹੱਤਵਪੂਰਨ ਮੀਲ ਪੱਥਰ ਏ। ਸ਼੍ਰੀ ਮੋਦੀ ਨੇ ਕਿਹਾ ਕਿ ਇਹ ਬਜਟ, ਹਰ ਭਾਰਤੀ ਦੇ ਸੁਪਨਿਆਂ ਨੂੰ ਪੂਰਾ ਕਰਦਾ ਏ। ਉਨ੍ਹਾਂ ਨੇ ਬਜਟ ਨੂੰ ਸ਼ਕਤੀਸ਼ਾਲੀ ਦੱਸਿਆ ਅਤੇ ਕਿਹਾ ਕਿ ਇਸ ਨਾਲ ਦੇਸ਼ ਵਿੱਚ ਬੱਚਤ, ਨਿਵੇਸ਼, ਖਪਤ ਅਤੇ ਵਿਕਾਸ ਨੂੰ ਉਤਸ਼ਾਹ

ਮਿਲੇਗਾ। ਪ੍ਰਧਾਨ ਮੰਤਰੀ ਨੇ ਇਹ ਵੀ ਕਿਹਾ ਕਿ ਇਸ ਬਜਟ ਨਾਲ ਦੇਸ਼ ਦੇ ਮੱਧ ਵਰਗ ਨੂੰ ਬਹੁਤ ਲਾਭ ਹੋਵੇਗਾ ਕਿਉਂਕਿ 12 ਲੱਖ ਰੁਪਏ ਤੱਕ ਦੀ ਆਮਦਨ ਨੂੰ ਟੈਕਸ ਮੁਕਤ ਕਰ ਦਿੱਤਾ ਗਿਆ ਏ। ਉਨ੍ਹਾਂ ਕਿਹਾ ਕਿ ਇਸ ਨਾਲ ਖੇਤੀਬਾੜੀ ਖੇਤਰ ਨੂੰ ਮਜ਼ਬੂਤੀ ਮਿਲੇਗੀ । BYTE:

---------------------------------------------------------------------------------

ਵਿੱਤ ਮੰਤਰੀ ਸ਼੍ਰੀਮਤੀ ਨਿਰਮਲਾ ਸੀਤਾਰਮਨ ਵੱਲੋਂ ਪੇਸ਼ ਕੀਤੇ ਗਏ ਬਜਟ ਦਾ ਆਮ ਲੋਕਾਂ ਵੱਲੋਂ ਸਵਾਗਤ ਕੀਤਾ ਗਿਆ ਏ । ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਦੇ ਇਕਨੋਮਿਕਸ ਵਿਭਾਗ ਦੇ ਮੁਖੀ ਡਾਕਟਰ ਮਨਦੀਪ ਕੌਰ ਨੇ ਦੱਸਿਆ ਕਿ ਕੈਂਸਰ ਅਤੇ ਹੋਰ ਅਜਿਹੀਆਂ ਮਾਰੂ ਬਿਮਾਰੀਆਂ ਦੇ ਇਲਾਜ ਲਈ, ਇਸਤੇਮਾਲ ਹੋਣ ਵਾਲੀਆਂ ਦਵਾਈਆਂ ਦੀਆਂ ਦਰਾਂ ਵਿੱਚ ਕਮੀ ਹੋਣ ਨਾਲ, ਜਰੂਰਤਮੰਦਾਂ ਨੂੰ ਭਰਪੂਰ ਫਾਇਦਾ ਹੋਵੇਗਾ। BYTE: ਗੁਰਦਾਸਪੁਰ ਦੇ ਪ੍ਰਵੀਨ ਕੁਮਾਰ ਦਾ ਕਹਿਣਾ ਏ, ਕਿ ਜੋ ਕਿਸਾਨ ਕ੍ਰੈਡਿਟ ਕਾਰਡ ਦੀ ਹੱਦ ਵਧਾਈ ਗਈ ਏ ਉਸ ਨਾਲ ਕਿਸਾਨਾਂ ਨੂੰ ਫਾਇਦਾ ਹੋਵੇਗਾ BYTE: ਫਰੀਦਕੋਟ ਤੋਂ ਮਨੀਸ਼

ਮਹੇਸ਼ਵਰੀ ਦਾ ਕਹਿਣਾ ਏ  ਕਿ ਆਮਦਨ ਕਰ ਵਿੱਚ ਛੋਟ ਵਧਾਉਣ ਨਾਲ ਆਮ ਆਦਮੀ ਨੂੰ ਫਾਇਦਾ ਹੋਵੇਗਾ। BYTE:

--------------------------------------------------------------------------------

ਕੇਂਦਰੀ ਬਜਟ 2025 ਵਿੱਚ, ਵਿਤ ਮੰਤਰੀ  ਨੇ ਪਹਿਲੀ ਵਾਰ ਕਰਜ਼ਾ ਲੈਣ ਵਾਲਿਆਂ, ਖਾਸ ਕਰਕੇ ਅਨੁਸੂਚਿਤ ਜਾਤੀਆਂ ਅਤੇ ਅਨੁਸੂਚਿਤ ਕਬੀਲਿਆਂ ਨਾਲ ਸਬੰਧਤ ਭਾਈਚਾਰਿਆਂ ਦੀਆਂ ਔਰਤਾਂ ਨੂੰ  ,2 ਕਰੋੜ ਰੁਪਏ ਤੱਕ ਦੇ ਮਿਆਦੀ ਕਰਜ਼ੇ ਪ੍ਰਦਾਨ ਕਰਨ ਵਾਲੀ ਇੱਕ ਨਵੀਂ ਯੋਜਨਾ ਦਾ ਐਲਾਨ ਕੀਤਾ ਏ ਜਿਸਦਾ ਉਦੇਸ਼ ਸਮਾਵੇਸ਼ੀ ਆਰਥਿਕ ਵਿਕਾਸ ਨੂੰ ਉਤਸ਼ਾਹਿਤ ਕਰਨਾ ਅਤੇ ਇਹਨਾਂ ਸਮੂਹਾਂ ਲਈ ਵਿੱਤ ਪ੍ਰਦਾਨ ਕਰਨ ਵਿੱਚ ਰੁਕਾਵਟਾਂ ਨੂੰ ਘਟਾਉਣਾ ਏ। ਭਾਰਤੀ ਜਨਤਾ ਪਾਰਟੀ ਅਨੁਸੂਚਿਤ ਜਾਤੀ ਮੋਰਚਾ ਦੇ ਸੂਬਾਈ ਮੀਤ ਪ੍ਰਧਾਨ ਪਰਮਜੀਤ ਸਿੰਘ ਕੈਂਥ ਨੇ ਬਜਟ ਨੂੰ ਇੱਕ ਬਹੁਤ ਮਜ਼ਬੂਤ ਬੁਨਿਆਦ  ਰੱਖਣ ਦੀ ਦਿਸ਼ਾਂ ਵਿੱਚ ਕਦਮ ਦੱਸਦਿਆਂ ਕਿਹਾ ਕਿ ਇਹ ਯੋਜਨਾ , ਨਿਵੇਸ਼ 'ਚ ਅਨੁਸੂਚਿਤ ਜਾਤੀਆਂ ਵਿੱਚ ਯੋਗਦਾਨ ਪਾਉਣ ਦੀ ਸਮਰੱਥਾ ਵਧਾਉਣ ਲਈ ਅਹਿਮ ਕਦਮ ਹੋਵੇਗੀ  ।

-------------------------------------------------------------------------

ਉੱਤਰਾਖੰਡ ਦੇ ਦੇਹਰਾਦੂਨ ਵਿੱਚ ਖੇਡੀਆਂ ਜਾ ਰਹੀਆਂ, 38ਵੀਆਂ ਰਾਸ਼ਟਰੀ ਖੇਡਾਂ ਵਿੱਚ, ਪੰਜਾਬ ਤੋਂ 23 ਖੇਡ ਸ੍ਰੇਣੀਆਂ ਵਿੱਚ 323 ਖਿਡਾਰੀ ਹਿੱਸਾ ਲੈ ਰਹੇ ਨੇ । 28 ਜਨਵਰੀ ਤੋਂ ਸ਼ੁਰੂ ਹੋਈਆਂ ਇਹ ਖੇਡਾਂ, 14 ਫਰਵਰੀ ਨੂੰ ਖਤਮ ਹੋਣਗੀਆਂ । ਪੰਜਾਬ ਵੱਲੋਂ ਹੁਣ ਤੱਕ ਇਹਨਾਂ ਖੇਡਾਂ ਵਿੱਚ ਚੰਗਾ ਪ੍ਰਦਰਸ਼ਨ ਕੀਤਾ ਗਿਆ ਏ ।  ਸੂਬੇ ਦੀਆਂ ਟੀਮਾਂ ਨੇ ਵੱਖ-ਵੱਖ ਸ਼੍ਰੇਣੀਆਂ ਵਿੱਚ ਹੁਣ ਤੱਕ 13 ਤਮਗੇ ਹਾਸਲ ਕੀਤੇ ਨੇ ,ਅੱਜ ਸ਼ਾਮ ਤੱਕ ਪੰਜਾਬ ਨੇ ਨਿਸ਼ਾਨੇਬਾਜ਼ੀ ਵਿੱਚ ਇੱਕ ਸੋਨੇ ਦੇ ਤਗਮੇ ਸਮੇਤ ਵੇਟ ਲਿਫਟਿੰਗ ,ਬੂਸ਼ੂ ਮਾਰਸ਼ਲ ਆਰਟਸ ਅਤੇ ਤੈਰਾਕੀ ਵਿੱਚ ਤਿੰਨ ਚਾਂਦੀ ਦੇ ਅਤੇ ਸਾਈਕਲਿੰਗ ,ਵੁਸ਼ੂ, ਵੇਸਟ ਲਿਫਟਿੰਗ ,ਤੈਰਾਕੀ ਅਤੇ ਨਿਸ਼ਾਨੇਬਾਜੀ ਵਿੱਚ ਕੁੱਲ 9 ਕਾਂਸੀ  ਦੇ ਤਮਗੇ ਜਿੱਤੇ ਨੇ

-------------------------------------------------------------------------

- ਕੇਂਦਰੀ ਵਿੱਤ ਮੰਤਰੀ ਨਿਰਮਲਾ ਸੀਤਾਰਮਨ ਨੇ ਇਸ ਸਰਕਾਰ ਤੀਜੇ ਕਾਰਜਕਾਲ ਦਾ ਪਹਿਲਾ ਆਮ ਬਜਟ ਪੇਸ਼ ਕੀਤਾ-ਬਜਟ ਵਿਚ ਵਿਕਾਸ ਨੂੰ ਤੇਜ਼ ਕਰਨ, ਸਮਾਵੇਸ਼ੀ ਵਿਕਾਸ ਨੂੰ ਯਕੀਨੀ

ਬਣਾਉਣ, ਨਿੱਜੀ ਖੇਤਰ ਦੇ ਨਿਵੇਸ਼ 'ਚ ਵਾਧਾ ਕਰਨ ਅਤੇ ਮੱਧ ਵਰਗ ਦੀ ਖਰਚ ਸਮਰੱਥਾ ਨੂੰ ਵਧਾਉਣ 'ਤੇ ਜ਼ੋਰ ਦਿੱਤਾ ਗਿਆ ਏ।

- ਕੇਂਦਰੀ ਬਜਟ 2025-26 ਦੀਆਂ ਤਜਵੀਜ਼ਾਂ ਵਿੱਚ 12 ਲੱਖ ਰੁਪਏ ਤੱਕ ਦੀ ਨਿੱਜੀ ਆਮਦਨ 'ਤੇ ਕੋਈ ਟੈਕਸ ਨਹੀਂ- ਸੀਨੀਅਰ ਨਾਗਰੀਕਾਂ ਲਈ ਟੈਕਸ ਕਟੌਤੀ ਦੀ ਹੱਦ, 50 ਹਜ਼ਾਰ ਰੁਪਏ ਤੋਂ ਦੁੱਗਣੀ ਕਰਕੇ ਇਕ ਲੱਖ ਰੁਪਏ ਕੀਤੀ ਗਈ।
- ਕੈਂਸਰ ਅਤੇ ਹੋਰਨਾਂ ਗੰਭੀਰ ਬਿਮਾਰੀਆਂ ਤੋਂ ਪੀੜਤ ਮਰੀਜ਼ਾਂ ਨੂੰ ਰਾਹਤ ਦੇਣ ਲਈ, 36 ਜੀਵਨ ਰੱਖਿਅਕ ਦਵਾਈਆਂ ਨੂੰ, ਮੁੱਢਲੀ ਕਸਟਮ ਡਿਊਟੀ ਤੋਂ ਪੂਰੀ ਤਰ੍ਹਾਂ ਛੋਟ ਦੇਣ ਦੀ ਤਜਵੀਜ਼ ਕੀਤੀ ਗਈ ਐ।
- ਖੇਤੀਬਾੜੀ ਉਤਪਾਦਕਤਾ ਵਧਾਉਣ ਤੇ ਫਸਲੀ ਵਿਭਿੰਨਤਾ ਲਿਆਉਣ ਲਈ, ਚੁਣੇ ਗਏ 100 ਜ਼ਿਲ੍ਹਿਆਂ ਵਿੱਚ ਪ੍ਰਧਾਨ ਮੰਤਰੀ ਧਨ-ਧਾਨਯ ਕ੍ਰਿਸ਼ੀ ਯੋਜਨਾ ਦੀ ਸ਼ੁਰੂਆਤ ਕੀਤੀ ਜਾਵੇਗੀ।
- ਅਨੁਸੂਚਿਤ ਜਾਤੀਆਂ ਅਤੇ ਅਨੁਸੂਚਿਤ ਕਬੀਲਿਆਂ ਨਾਲ ਸਬੰਧਤ ਮਹਿਲਾ ਉੱਦਮੀਆਂ ਲਈ ਅਗਲੇ ਪੰਜ ਸਾਲਾਂ ਵਿੱਚ, ਦੋ ਕਰੋੜ ਰੁਪਏ ਰੁਪਏ ਤੱਕ ਦੇ ਮਿਆਦੀ ਕਰਜ਼ੇ ਵਾਲੀਆਂ ਨਵੀਆਂ ਯੋਜਨਾਵਾਂ ਸ਼ੁਰੂ ਕੀਤੀਆਂ ਜਾਣਗੀਆਂ।